Bani2340.docx

P0 1

# ਗਿਆਨੀ, ਗਰੰਥੀ, ਪਰਚਾਰਕ, ਟੀਚਰ, ਢਾਡੀ, ਕਵੀ, ਲੇਖਕ, ਪੁਜਾਰੀ ਦੇ ਗੁਣ ਕੀ ਹੋਣੇ ਚਾਹੀਦੇ ਹਨ?

ਗਿਆਨੀ, ਗਰੰਥੀ, ਪਰਚਾਰਕ, ਟੀਚਰ, ਢਾਡੀ, ਕਵੀ, ਲੇਖਕ, ਪੁਜਾਰੀ ਦੇ ਗੁਣ ਕੀ ਹੋਣੇ ਚਾਹੀਦੇ ਹਨ?

What should be qualities of a Giani, Granthi, Preacher, Teacher, Dhadi, Poet, Writer, Priest?

ਗੁਰੂ ਸਾਹਿਬ ਨੇ ਕਦੇ ਵੀ ਕਿਸੇ ਉਪਰ ਆਪਣੀ ਵੀਚਾਰਧਾਰਾ ਜਬਰਦਸਤੀ ਨਹੀਂ ਥੋਪੀ ਹੈ। ਸਭ ਨੂੰ ਆਪਣੇ ਵੀਚਾਰ ਦੱਸੇ ਹਨ, ਜੇ ਪਸੰਦ ਆਵੇ ਤਾਂ ਅਪਨਾ ਲਓ, ਨਹੀਂ ਤਾਂ ਉਸ ਦੀ ਮਰਜੀ।

ਮਾਰੂ ਵਾਰ ਮਹਲਾ ੩ ॥ ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮਃ ੧ ॥ ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥ ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ ॥ ਮੁੋਲਿ ਅਮੁੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ ॥ ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ ॥੧॥ {੧੦੮੬-੧੦੮੭}

We can take the horse to the pond, but we cannot make him drink

ਸਾਡਾ ਫਰਜ ਹੈ, ਦੂਸਰਿਆਂ ਨੂੰ ਸਮਝਾਣਾਂ ਤੇ ਸਹੀ ਰਸਤਾ ਦੱਸਣਾ, ਜੇ ਕੋਈ ਸਮਝ ਲੈਂਦਾ ਹੈ, ਤਾਂ ਠੀਕ ਹੈ, ਨਹੀਂ ਤਾਂ ਉਹ ਆਪਣੇ ਕਰਮਾਂ ਅਨੁਸਾਰ ਨਤੀਜੇ ਭੁਗਤੇਗਾ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥੫॥੨॥ {੬੬੧}

ਸਾਨੂੰ ਪਹਿਲਾਂ ਖੁਦ ਆਪ ਸਹੀ ਰਸਤਾ ਸਮਝਣਾ ਹੈ

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥ ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ ॥ ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥ {੩੮੧}

ਅਸੀਂ ਦੂਸਰਿਆਂ ਨੂੰ ਇਸ ਲਈ ਨਹੀਂ ਸਮਝਾ ਸਕਦੇ, ਕਿਉਂਕਿ ਸਾਡੇ ਵਿਚੋਂ ਬਹੁਤ ਸਾਰੇ ਖੁਦ ਭਟਕੇ ਪਏ ਹਨ

ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ ॥ ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ ॥੨॥ {੯੫੪}

ਅਸੀਂ ਜਿਆਦਾਤਰ ਜੋ ਦੂਸਰੇ ਲੋਕਾਂ ਜਾਂ ਧਰਮਾਂ ਤੋਂ ਸੁਣਦੇ ਹਾਂ, ਉਹੀ ਅੱਖਾ ਮੀਟ ਕੇ ਅਪਨਾ ਲੈਂਦੇ ਹਾਂ। ਜੋ ਵੀ ਕੋਈ ਪ੍ਰਚਾਰਕ ਕੁਝ ਕਹਿੰਦਾ ਹੈ, ਤਾਂ ਸਾਡਾ ਫਰਜ ਹੈ, ਕਿ ਉਸ ਨੂੰ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਗੁਰਬਾਣੀ ਦੀ ਕਸਵਟੀ ਤੇ ਸਮਝੀਏ, ਪਰਖੀਏ ਤੇ ਫਿਰ ਆਪਣੇ ਜੀਵਨ ਵਿਚ ਅਪਨਾਈਏ। ਜਿਸ ਦਿਨ ਅਸੀਂ ਖੁਦ ਗੁਰਬਾਣੀ ਦਾ ਸਹੀ ਰਸਤਾ ਸਮਝ ਕੇ ਅਪਨਾ ਲਵਾਂਗੇ, ਉਸ ਦਿਨ ਅਸੀਂ ਦੂਸਰਿਆਂ ਨੂੰ ਵੀ ਸਮਝਾਉਂਣ ਜੋਗੇ ਹੋ ਜਾਵਾਂਗੇ।

Web = https://gurmat-research.com/
http://www.geocities.ws/sarbjitsingh/

ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ {੬੬੭}

ਅੱਜਕਲ ਦੇ ਸਿੱਖ ਨਾਮੁ ਸਬੰਧੀ ਬੁਰੀ ਤਰ੍ਹਾਂ ਗੁਮਰਾਹ ਹੋ ਰਹੇ ਹਨ। ਵਿਰਲਾ ਹੀ ਕੋਈ ਹੋਵੇਗਾ, ਜਿਹੜਾ ਗੁਰਬਾਣੀ ਵਿਚੋਂ ਖੋਜਦਾ ਹੈ, ਕਿ ਅਸਲ ਵਿਚ ਨਾਮੁ ਕੀ ਹੈ, ਗੁਰਬਾਣੀ ਅਨੁਸਾਰ ਕਿਸੇ ਵੀ ਅੱਖਰ ਦਾ ਰਟਨ ਨਾਮੁ ਨਹੀਂ ਹੈ

ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩੦੫-੩੦੬)

ਪ੍ਰਚਾਰਕ ਵਿਆਖਿਆ ਨਹੀਂ ਕਰਦੇ ਹਨ, ਉਹ ਤਾਂ ਗੁਰੂ ਦੀ ਸਿਧੀ ਗੱਲ ਕਰਦੇ ਹਨ।

ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ ॥ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥੧॥੨੨॥ {੧੩੯੬}

ਜਿੰਦਾ ਰਹਿੰਣ ਲਈ ਗੁਰੂ ਦੀ ਵਡਿਆਈ ਹਮੇਸ਼ਾਂ ਕਰਦੇ ਰਹਿੰਣਾਂ ਚਾਹੀਦਾ ਹੈ, ਕਮਜੋਰੀ ਜਿੰਦਗੀ ਦੀ ਲਾਹਨਤ ਹੈ, ਇਸ ਨਾਲ ਸਾਰੀਆਂ ਬੁਰਾਈਆਂ ਜੁੜੀਆਂ ਹੁੰਦੀਆਂ ਹਨ

ਪ੍ਰਚਾਰ ਲਈ ਇਹ ਸਭ ਜਰੂਰੀ ਹਨ, {੧} ਗੁਰਬਾਣੀ ਪੜ੍ਹਨੀ, ਅਰਥ ਭਾਵ ਸਮਝਣਾ, ਜੀਵਨ ਵਿਚ ਅਪਨਾਉਂਣਾਂ, {੨} ਸਿੱਖ ਇਤਿਹਾਸ, {੩} ਗੁਰਬਾਣੀ ਵਿਆਕਰਨ

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ {੨੫}

ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥ {੩੦}

ਅਸੀਂ ਚੰਗੇ ਗਰੰਥੀ ਨਹੀਂ ਲੱਭ ਸਕਦੇ ਹਾਂ, ਚੰਗੇ ਰਾਗੀ ਨਹੀਂ ਲੱਭ ਸਕਦੇ ਹਾਂ, ਪਰੰਤੂ ਗੁਰਬਾਣੀ ਰਾਹੀਂ ਆਪਣੇ ਆਪ ਨੂੰ ਚੰਗੇ ਰਾਗੀ ਅਤੇ ਗਰੰਥੀ ਬਣਾਇਆ ਜਾ ਸਕਦਾ ਹੈ।

ਪਉੜੀ ॥ ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥ ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥ ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥ ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥੧੭॥ {੩੦੦}

ਗਉੜੀ ਮਹਲਾ ੫ ॥ ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥੧॥ ਰਹਾਉ ॥ ਏਕੋ ਸਿਮਰਿ ਨ ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ॥ ੧॥ ਕਰਮ ਧਰਮ ਨੇਮ ਬ੍ਰਤ ਪੂਜਾ ॥ ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥ ਤਾ ਕੀ ਪੂਰਨ ਹੋਈ ਘਾਲ ॥ ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥ ਸੋ ਬੈਸਨੋ ਹੈ ਅਪਰ ਅਪਾਰੁ ॥ ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥ {੧੯੯}

**Web = https://gurmat-research.com/**
**http://www.geocities.ws/sarbjitsingh/**
**http://www.sikhmarg.com/article-dr-sarbjit.html**
**https://sikhwisdom.org/profile/sarbjitsingh/answers/**